National Research Journal of Social Sciences
Volume-11, Issue-1, January-June 2026
PP: 329-331
ISSN: 2348-473X
Peer Reviewed & Refereed Journal (IF: 6.74)
Journal Website: www.nrjss.in

# ਗੁਰੂ ਤੇਗ ਬਹਾਦੁਰ ਜੀ (ਵਿਲੱਖਣ ਸ਼ਖਸੀਅਤ)

**ਰਾਜਵਿੰਦਰ ਕੌਰ**

ਐੱਸ. ਓ.ਈ.ਸਕੂਲ (ਐੱਸ.ਬੀ.ਐੱਸ.ਨਗਰ), ਪੰਜਾਬੀ ਲੈਕਚਰਾਰ(ਪੀ.ਟੀ.ਏ.)

**ਸਾਰਾਂਸ਼:-**

ਨੌਵੀਂ ਪਾਤਸ਼ਾਹੀ ਧੰਨ ਗੁਰੂ ਤੇਗ ਬਹਾਦੁਰ ਜੀ ਸ਼ਾਂਤ ਚਿੱਤ,ਪ੍ਰਮਾਤਮਾ ਦੇ ਭਾਣੇ ਵਿੱਚ ਵਿਚਰਨ ਵਾਲੇ,ਉੱਚੀ ਸੋਚ ਵਾਲੇ ਵਿਲੱਖਣ ਸ਼ਖ਼ਸੀਅਤ ਦੇ ਮਾਲਕ ਸਨ।ਔਰੰਗਜੇਬ ਦੇ ਜੁਲਮ ਤੋਂ ਤੰਗ ਹੋਈ ਹਿੰਦੂ ਕੌਮ ਨੂੰ ਆਪ ਨੇ ਆਪਣੀ ਕੁਰਬਾਨੀ ਦੇ ਕੇ ਬਚਾ ਲਿਆ।ਇਤਿਹਾਸ ਵਿੱਚ ਅਜਿਹੀ ਮਿਸਾਲ ਕਿਧਰੇ ਵੀ ਨਹੀਂ ਮਿਲਦੀ।ਪਹਿਲੀ ਪਾਤਸ਼ਾਹੀ ਧੰਨ ਗੁਰੂ ਨਾਨਕ ਦੇਵ ਜੀਦੀ ਸਿੱਖਿਆ ਨੂੰ ਗੁਰੂ ਜੀ ਨੇ ਪੂਰੀ ਤਰ੍ਹਾਂ ਧਾਰਨ ਕੀਤਾ ਹੋਇਆ ਸੀ।ਗ੍ਰਹਿਸਥੀ ਜੀਵਨ ਗੁਜ਼ਾਰ ਦਿਆਂ ਹੋਇਆਂ ਵੀ ਆਪ ਉਸ ਪਾਰ ਬ੍ਰਹਮ ਪਰਮਾਤਮਾ ਨਾਲ ਜੁੜੇ ਰਹੇ,ਨਿਰਭਉ,ਨਿਰਵੈਰ ਗੁਣਾਂ ਨੂੰ ਧਾਰਨ ਕਰਕੇ ਮਨੁੱਖਤਾ ਦੀ ਰੱਖਿਆ ਕੀਤੀ।ਨਿਮਰਤਾ ਆਪ ਜੀ ਦੇ ਵਿਅਕਤੀਤਵ ਦਾ ਮਹਾਨ ਗੁਣ ਸੀ।ਗੁਰਿਆਈ ਪਾਉਣ ਲਈ ਵਿਰੋਧੀਆਂ ਤੇ ਦਾਅਵੇਦਾਰਾਂ ਨੇ ਬਹੁਤ ਹੱਥ ਕੰਡੇ ਅਪਣਾਏ,ਸਮੇਂ ਦੀਆਂ ਉਲਝਣਾਂ ਨਾਲ ਨਿਪਟਣ ਲਈ ਆਪ ਨੇ ਜੋ ਨਿਮਰਤਾ ਤੇ ਸੰਜੀਦਗੀ ਦਿਖਾਈ ਐਸੀ ਸ਼ਖਸ਼ੀਅਤ ਹੋਰ ਕਿਧਰੇ ਨਹੀਂ ਮਿਲਦੀ।

ਗੁਰੂ ਤੇਗ ਬਹਾਦੁਰ ਜੀ ਤੇਗ ਦੇ ਧਨੀ ਸਨ।ਆਪਨੇ ਕਰਤਾਰਪੁਰ ਦੀ ਲੜਾਈ ਵਿੱਚ ਜੋ ਜੌਹਰ ਦਿਖਾਏ,ਉਸ ਤੋਂ ਇਹ ਸਪੱਸ਼ਟ ਸੀ ਕਿ ਆਪ ਵਰਿਆਮ,ਬਹਾਦਰ ਗੁਣਾਂ ਨਾਲ ਭਰਪੂਰ ਸਨ।ਆਪ ਸਾਂਝੀਵਾਲਤਾ,ਜਾਤ-ਪਾਤ ਦਾ ਵਿਰੋਧ ਕਰਨ ਵਾਲੇ,ਸਰਬੱਤ ਦਾ ਭਲਾ ਚਾਹੁਣ ਵਾਲੇ ਸਨ।ਆਪ ਨੇ ਆਪਣੀ ਬਾਣੀ ਵਿੱਚ ਵੀ ਨਿਮਰਤਾ ਧਾਰਨ ਕਰਨ,ਹੁਕਮ ਤੇ ਰਜ਼ਾ ਵਿੱਚ ਚੱਲਣ ਤੇ ਜ਼ੋਰ ਦਿੱਤਾ ਹੈ।ਹੰਕਾਰ ਤਿਆਗ ਕੇ ਪ੍ਰਮਾਤਮਾ ਦਾ ਨਾਮ ਜਪਣ ਅਤੇ ਮਨ ਨੂੰ ਸੋਧਣ ਲਈ ਕਿਹਾ ਹੈ।

**ਕੁੰਜੀ ਸ਼ਬਦ**:-ਗੁਰੂ ਤੇਗ ਬਹਾਦੁਰ ਜੀ,ਵਿੱਲਖਣ ਸ਼ਖ਼ਸੀਅਤ,ਬਲਿਦਾਨ,ਅਧਿਆਤਮਕਤਾ,ਸਿੱਖ ਧਰਮ,ਨਿਮਰਤਾ,ਸਰਬੱਤ ਦਾ ਭਲਾ,ਹੁਕਮ ਤੇ ਰਜ਼ਾ।

ਬਹਾਦਰ ਸੂਰਮਾ ਅਤੇ ਵਰਿਆਮ ਉਹੀ ਹੈ, ਜੋ ਆਪਣੇ ਧਰਮ ਦੀ ਖਾਤਿਰ ਆਪਣਾ ਆਪ ਵਾਰ ਦੇਵੇ।ਸ਼ਹੀਦ ਕੌਮ ਦੀ ਉਸਾਰੀ ਦੇ ਨੀਂਹ ਪੱਥਰ ਹੁੰਦੇ ਹਨ।ਆਪਣੇ ਲਈ ਤਾਂ ਸਾਰੇ ਹੀ ਜਿਉਂਦੇ ਹਨ,ਪਰ ਸੱਚਾ ਮਨੁੱਖ ਉਹ ਹੈ, ਜੋ ਦੂਜਿਆਂ ਲਈ ਆਪਣਾ ਜੀਵਨ ਵਾਰ ਦਿੰਦਾ ਹੈ ਤੇ ਸ਼ਰਨ ਵਿੱਚ ਆਏ ਹਰ ਇੱਕ ਵਿਅਕਤੀ ਦੀ ਜੀਵਨ ਰੱਖਿਆ ਲਈ ਸਦਾ ਤਿਆਰ ਰਹਿੰਦਾ ਹੈ।

ਸਿੱਖ ਧਰਮ ਦੇ ਨੌਵੇਂ ਗੁਰੂ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਵਿਅਕਤੀਤਵ ਬਹੁਮੁੱਖੀ ਅਤੇ ਵਿੱਲਖਣ ਸੀ।ਇੰਨ੍ਹਾਂ ਨੇ ਧਰਮ ਦੀ ਰਾਖੀ ਲਈ ਕੁਰਬਾਨੀ ਦੇ ਕੇ ਦੱਬੀ ਕੁਚਲੀ ,ਹਾਕਮਾਂ ਦੇ ਜ਼ੁਲਮਾਂ ਕਾਰਨ ਕੁਰਲਾ ਰਹੀ ਕੌਮ ਨੂੰ ਬਚਾ ਲਿਆ।ਹਿੰਦ ਦੀ ਚਾਦਰ ਗੁਰੂ ਤੇਗ ਬਹਾਦਰ ਜਿਹੀ ਕੁਰਬਾਨੀ ਇਤਿਹਾਸ ਵਿੱਚ ਕਿਧਰੇ ਨਹੀਂ ਮਿਲਦੀ।

ਗੁਰੂ ਤੇਗ ਬਹਾਦਰ ਜੀ ਦਾ ਜਨਮ ਇੱਕ ਅਪ੍ਰੈਲ 1621 ਈਸਵੀ ਨੂੰ ਦਿਨ ਐਤਵਾਰ ਮਾਤਾ ਨਾਨਕੀ ਜੀ ਦੀ ਕੁੱਖੋਂ ਅੰਮ੍ਰਿਤਸਰ ਵਿਖੇ ਗੁਰਦਵਾਰਾ ਗੁਰੂ ਕੇ ਮਹਿਲ ਦੇ ਸਥਾਨ ਤੇ ਹੋਇਆ।ਆਪ ਜੀ ਛੇਵੇਂ ਗੁਰੂ ਹਰਗੋਬਿੰਦ ਸਾਹਿਬ ਜੀ ਦੇ ਪੰਜਵੇਂ ਅਤੇ ਸਭ ਤੋਂ ਛੋਟੇ ਪੁੱਤਰ ਸਨ।ਆਪ ਜੀ ਦਾ ਬਚਪਨ ਦਾ ਨਾਮ ਤਿਆਗ ਮੱਲ ਸੀ। 1635 ਈਸਵੀ ਵਿੱਚ ਕਰਤਾਰਪੁਰ ਦੀ ਲੜਾਈ ਵਿੱਚ ਗੁਰੂ ਹਰਗੋਬਿੰਦ ਜੀ ਨੇ ਇੰਨ੍ਹਾਂ ਦੀ ਬਹਾਦਰੀ ਨੂੰ ਵੇਖਦਿਆਂ ਆਪ ਦਾ ਨਾਂ ਤੇਗ ਬਹਾਦਰ ਰੱਖ ਦਿੱਤਾ,ਜਿਸ ਦਾ ਅਰਥ ਹੈ ਤਲਵਾਰ ਦਾ ਧਨੀ।

ਆਪ ਜੀ ਨੇ 9 ਸਾਲ ਦੇ ਕਰੀਬ ਸਮਾਂ ਅੰਮ੍ਰਿਤਸਰ ਵਿੱਚ ਗੁਜਾਰਿਆ ਅਤੇ ਫਿਰ ਕਰਤਾਰਪੁਰ ਜ਼ਿਲ੍ਹਾ ਜਲੰਧਰ ਵਿਖੇ ਚਲੇ ਗਏ।ਗੁਰੂ ਜੀ ਦੇ ਭੈਣ ਭਰਾਵਾਂ ਦੇ ਨਾਮ ਬਾਬਾ ਗੁਰਦਿੱਤਾ ਜੀ,ਬਾਬਾ ਸੂਰਜ ਮੱਲ,ਬਾਬਾ ਅਟੱਲ ਰਾਏ ਅਤੇ ਬੀਬੀ ਵੀਰੋ ਸਨ।

ਗੁਰੂ ਤੇਗ ਬਹਾਦਰ ਜੀ ਸ਼ਸਤਰ ਵਿੱਦਿਆ ਅਤੇ ਘੋੜਸਵਾਰੀ ਵਿੱਚ ਨਿਪੁੰਨ ਹੋ ਗਏ ਸਨ।ਭਾਈ ਬੁੱਢਾ ਜੀ ਆਪ ਦੇ ਅਧਿਆਪਕ ਸਨ।ਪੰਜਾਬੀ ਤੋਂ ਇਲਾਵਾ ਬ੍ਰਜ ਭਾਸ਼ਾ ਤੇ ਸੰਸਕ੍ਰਿਤ ਵਿੱਚ ਵੀ ਉਨ੍ਹਾਂ ਨੂੰ ਚੰਗੀ ਮੁਹਾਰਤ ਸੀ।ਰਾਗ ਵਿੱਦਿਆ ਵਿੱਚ ਉਨ੍ਹਾਂ ਦੀ ਦਿਲਚਸਪੀ ਹੋਰ ਵੀ ਜਿਆਦਾ ਸੀ।ਉਨ੍ਹਾਂ ਦੀ ਬਾਣੀ ਤੋਂ ਇਹ ਗੱਲ ਸਪੱਸ਼ਟ ਹੋ ਜਾਂਦੀ ਹੈ ਕਿ ਉਨ੍ਹਾਂ ਨੂੰ ਰਾਗ-ਰਾਗਣੀਆਂ ਬਾਰੇ ਉੱਚ ਦਰਜੇ ਦੀ ਜਾਣਕਾਰੀ ਸੀ।ਭਾਈ ਗੁਰਦਾਸ ਜੀ ਤੋਂ ਆਪ ਨੇ ਇਹ ਗਿਆਨ ਪ੍ਰਾਪਤ ਕੀਤਾ।

ਆਪ ਦਾ ਵਿਆਹ ਲਖਨੌਰੀ ਪਿੰਡ ਦੇ ਲਾਲਚੰਦ ਦੀ ਸਪੁੱਤਰੀ ਮਾਤਾ ਗੁਜਰੀ ਜੀ ਨਾਲ ਹੋਇਆ।ਆਪ ਦੇ ਪੁੱਤਰ ਦਸਵੇਂ ਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸਨ।ਜਦੋ ਅੱਠਵੇਂ 'ਗੁਰੂ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਜੋਤੀ ਜੋਤ ਸਮਾਏ ,ਤਾਂ ਉਨ੍ਹਾਂ ਦੇ ਆਖਰੀ ਸ਼ਬਦ ਸਨ ਬਾਬਾ ਬਕਾਲਾ ,ਭਾਵ ਇਹ ਸੀ ਕਿ ਅਗਲੇ ਗੁਰੂ ਬਾਬਾ ਬਕਾਲਾ ਵਿੱਚ ਹਨ।ਬਾਬਾ ਬਕਾਲਾ ਵਿੱਚ ਬਾਈ ਦਾਅਵੇਦਾਰ ਗੁਰੂ ਬਣੀ ਬੈਠੇ ਸਨ ।ਇਨ੍ਹਾਂ ਲੋਕਾਂ ਦੀ ਦੌੜ ਭੱਜ ਦਾ ਗੁਰੂ ਤੇਗ ਬਹਾਦਰ ਜੀ ਤੇ ਕੋਈ ਅਸਰ ਨਾ ਪਿਆ,ਉਹ ਆਪਣੀ ਸਾਦਗੀ ਵਿੱਚ ਹੀ ਟਿਕੇ ਰਹੇ।ਇੱਕ ਵਪਾਰੀ ਮੱਖਣ ਸ਼ਾਹ ਲੁਬਾਣਾ ਨੇ ਦਿਲ ਦੀ ਜਾਨਣ ਵਾਲੇ ਗੁਰੂ ਤੇਗ ਬਹਾਦਰ ਜੀ ਬਾਰੇ ਸੰਗਤ ਨੂੰ ਦੱਸਿਆ। ਆਪ ਨੂੰ 1664 ਈਸਵੀ ਵਿੱਚ ਗੁਰਿਆਈ ਪ੍ਰਾਪਤ ਹੋਈ।ਇਸ ਉਪਰੰਤ ਆਪ ਆਨੰਦਪੁਰ ਆ ਗਏ।


© Copyright @ Authors

ਗੁਰਿਆਈ ਗੱਦੀ ਮਿਲਣ ਉਪਰੰਤ ਆਪ ਨੇ ਕਈ ਥਾਵਾਂ ਦੀਆਂ ਯਾਤਰਾਵਾਂ ਕੀਤੀਆਂ।ਅਖੀਰ ਆਨੰਦਪੁਰ ਸਹਿਬ ਨੂੰ ਆਪਣਾ ਸਥਾਨ ਬਣਾਇਆ।ਉਨ੍ਹਾਂ ਦੀ ਬਾਣੀ 15 ਰਾਗਾਂ ਵਿੱਚ ਦਰਜ ਹੈ ।ਆਪ ਨੇ ਸਾਰੀ ਬਾਣੀ ਮਨ ਨੂੰ ਸੰਬੋਧਨ ਕਰਕੇ ਉਚਾਰਨ ਕੀਤੀ ਹੈ।ਆਪ ਦੇ ਸ੍ਰੀ ਗੁਰੁ ਗ੍ਰੰਥ ਸਾਹਿਬ ਵਿੱਚ 59 ਪਦੇ ਅਤੇ 57 ਸਲੋਕ ਦਰਜ ਹਨ।ਪਦਿਆਂ ਨੂੰ ਸ਼ਬਦ ਕਿਹਾ ਜਾਂਦਾ ਹੈ।ਸ਼ਬਦ ਦਾ ਭਾਵ ਉਹ ਬਾਣੀ ਜਾ ਰਚਨਾ ਹੈ,ਜਿਸ ਵਿੱਚ ਗੁਰੁ ਸਾਹਿਬ ਪਰਮਾਤਮਾ ਤੇ ਉਸ ਦੇ ਹੁਕਮ ਸਬੰਧੀ ਆਪਣਾ ਜਾਤੀ ਅਨੁਭਵ ਜੋ ਉਨ੍ਹਾਂ ਦੇ ਤਜਰਬੇ ਤੇ ਅਧਾਰਿਤ ਹੈ,ਬਿਆਨ ਕਰਦੇ ਹਨ।ਭਾਰਤੀ ਦਰਸ਼ਨ ਵਿੱਚ ਸ਼ਬਦ ਨੂੰ ਮੱਖ ਪ੍ਰਮਾਣ ਮੰਨਿਆ ਹੋਇਆ ਹੈ।ਆਪ ਦੇ ਸਲੋਕ ਸ਼੍ਰੀ ਗੁਰੁ ਗ੍ਰੰਥ ਸਾਹਿਬ ਦੇ ਭੋਗ ਦੀ ਬਾਣੀ ਵਿੱਚ ਭਾਵ ਅੰਤਲੇ ਭਾਗ ਵਿੱਚ ਦਰਜ ਹਨ।

ਗੁਰੂ ਤੇਗ ਬਹਾਦਰ ਜੀ ਦੀ ਬਾਣੀ ਦਾ ਕੇਂਦਰੀ ਨੁਕਤਾ ਇਹ ਹੈ ਕਿ ਮਨੁੱਖ ਬੰਧਨ ਵਿੱਚ ਹੈ,ਕਿਉਂ ਕਿ ਉਹ ਆਤਮਿਕ ਤੌਰ ਤੇ ਨਿਰਬਲ ਹੋ ਗਿਆ ਹੈ।ਉਹ ਸਮਕਾਲੀ ਸਥਿੱਤੀ ਵਿੱਚ ਹੀ ਬੋਲ ਰਹੇ ਹਨ।ਉਸਦਾ ਆਤਮਿਕ ਬਲ ਛੁੱਟ ਜਾਣ ਕਾਰਨ ਉਹ ਰਾਜਸੀ,ਸਮਾਜੀ,ਜਜ਼ਬਾਤੀ,ਸਦਾਚਾਰਕ ਕਮਜ਼ੋਰੀਆਂ ਦਾ ਸ਼ਿਕਾਰ ਹੋ ਗਿਆ ਹੈ,ਪਰ ਉਹ ਬਲਧਾਰੀ ਹੋ ਸਕਦਾ ਹੈ,ਉਸਨੂੰ ਬਲਧਾਰੀ ਬਨਾਉਣਾ ਹੀ ਗੁਰਬਾਣੀ ਦਾ ਮੰਤਵ ਹੈ।

ਮਨ ਆਪਣੀ ਮਹਾਨਤਾ ਨੂੰ ਭੁੱਲੀ ਬੈਠਾ ਹੈ।ਇਸ ਨੂੰ ਨਾ ਮਨੋਰਥ ਦੀ ਸੋਝੀ ਹੈ,ਨਾ ਦੁਰਲਭ ਜਨਮ ਦੀ ਕੀਮਤ ਹੈ।ਮਨ ਨੂੰ ਸਾਧਣਾ ਬਹੁਤ ਜ਼ਰੂਰੀ ਹੈ।

ਸਾਧੋ ਮਨ ਕਾ ਮਾਨੁ ਤਿਆਗੋ।

ਕਾਮੁ ਕ੍ਰੋਧੁ ਸੰਗਤਿ ਦੁਰਜਨ ਕੀ ਤਾ ਤੇ ਅਹਿਨਿਸਿ ਭਾਗਉ।[1]

ਮਨ ਆਪਹੁਦਰੇਪਨ ਵਿੱਚ ਆਪਣੀਆਂ ਤਰੰਗਾਂ ਅਧੀਨ ਗਲਤ ਕਰਮ ਕਰਦਾ ਹੈ।ਨੀਵੀਂ ਬਿਰਤੀ ਵਾਲਾ ਹੈ ਜਾਂ ਨੀਵੇਂ ਪਾਸੇ ਬਹੁਤ ਛੇਤੀ ਪਰਿਵਰਤਿਤ ਹੁੰਦਾ ਹੈ।

ਮੁਕਤਿ ਪੰਥੁ ਜਾਨਿਉ ਤੈ ਨਾਹਨਿ ਧਨ ਜੋਰਨ ਕਉ ਧਾਇਆ।[2]

ਉੱਚੇ ਪਾਸੇ ਬਹੁਤ ਦੇਰ ਨਾਲ ਆਉਂਦਾ ਹੈ।ਅੰਤਰਮੁਖੀ ਨਹੀਂ ,ਬਾਹਰਮੁਖੀ ਹੈ।ਮਨੁੱਖ ਦਾ ਆਵਾਗਵਨ ਮੁਕਦਾ ਨਹੀਂ, ਜਦੋਂ ਤੀਕ ਇਹ ਅੰਤਰਮੁੱਖੀ ਨਹੀਂ ਹੁੰਦਾ ਅਤੇ ਬਿਬੇਕ ਧਾਰਨ ਨਹੀਂ ਕਰਦਾ।

ਗੁਰੂ ਤੇਗ ਬਹਾਦਰ ਜੀ ਨੇ ਹਰੀ,ਰਾਮ,ਗੋਬਿੰਦ,ਨਿਰੰਜਨ,ਚਿੰਤਾਮਨ,ਗੁਸਾਈ,ਨਰਾਇਣ,ਮੁਰਾਰਿ,ਕਨ੍ਹਈਆ ਆਦਿ ਸ਼ਬਦ ਪਰਮ ਸੱਤਾ ਲਈ ਵਰਤੇ ਹਨ,ਜੋ ਸਦਾ ਕਾਇਮ ਹੈ,ਸਰਵ ਸਮਰੱਥ ਹੈ।

ਹਰਿ ਕੀ ਗਤਿ ਨਹਿ ਕੋਊ ਜਾਨੈ।

ਜੋਗੀ ਜਤੀ ਤਪੀ ਪਚਿ ਹਾਰੇ ਅਰੁ ਬਹੁ ਲੋਗ ਸਿਆਨੇ।[3]

ਗੁਰੂ ਜੀ ਮਾਇਆ ਜਾਂ ਰਚਨਾ ਬਾਰੇ ਵੀ ਦੱਸਦੇ ਹਨ।ਸਭ ਦੇ ਸਾਹਮਣੇ ਰਚਨਾ ਬਿਨਸ ਰਹੀ ਹੈ,ਪਰ ਫਿਰ ਵੀ ਸਾਰੇ ਇਸ ਨੂੰ ਸੱਚ ਮੰਨੀ ਬੈਠੇ ਹਨ।

ਸਾਧੋ ਰਚਨਾ ਰਾਮ ਬਨਾਈ।

ਇਕਿ ਬਿਨਸੈ ਇੱਕ ਅਸਥਿਰੁ ਮਾਨੈ ਅਚਰਜੁ ਲਖਿਓ ਨ ਜਾਈ।

ਕਾਮੁ ਕ੍ਰੋਧ ਮੋਹ ਬਸਿ ਪ੍ਰਾਨੀ ਹਰਿ ਮੂਰਤਿ ਬਿਸਰਾਈ।

ਝੂਠਾ ਤਨੁ ਸਾਚਾ ਕਰਿ ਮਾਨਿਓ ਜਿਉਂ ਸੁਪਨਾ ਰੈਨਾਈ।

ਜੋ ਦੀਸੈ ਸੋ ਸਗਲ ਬਿਨਾਸੈ ਜਿਉਂ ਬਾਦਰ ਕੀ ਛਾਈ॥

ਜਨ ਨਾਨਕ ਜਗੁ ਜਾਨਿਓ ਮਿਥਿਆ ਰਹਿਓ ਰਾਮ ਸਰਨਾਈ।[4]

ਜੇ ਗਿਆਨ ਹੋ ਜਾਵੇ ਤਾਂ ਰਾਮ ਅਤੇ ਉਸਦੀ ਰਚਨਾ ਦਾ ਫਰਕ ਪਤਾ ਲੱਗ ਜਾਂਦਾ ਹੈ।ਜੀਵ ਸੱਚ ਵੱਲ ਪਰਵਰਤਿਤ ਹੋ ਜਾਂਦਾ ਹੈ॥ਉਸਨੂੰ ਰਾਮ ਦਾ ਰਸ ਸਾਰੇ ਹੋਰ ਰਸਾਂ ਤੋਂ ਸ੍ਰੇਸ਼ਠ ਜਾਪਦਾ ਹੈ।ਨਾਮ ਪਤਿਤ ਨੂੰ ਪਾਵਨ ਕਰਨ ਵਾਲਾ ਹੈ।ਨਾਮ ਗੁਰੂ ਤੋਂ ਮਿਲਦਾ ਹੈ।ਨਾਮ ਸਾਰੇ ਸੰਕਟ ਖਤਮ ਕਰ ਦਿੰਦਾ ਹੈ।

ਰਾਮ ਨਾਮੁ ਉਰਿ ਮਹਿ ਗਹਿਓ ਜਾ ਕੈ ਸਮ ਨਹੀਂ ਕੋਇ।

ਜਿਹ ਸਿਮਰਤ ਸੰਕਟ ਮਿਟੈ ਦਰਸੁ ਤੁਹਾਰੋ ਹੋਇ।[5]


© Copyright @ Authors

ISSN: 2348-473X
Peer Reviewed & Refereed Journal (IF: 6.74)
Journal Website: www.nrjss.in

ਗੁਰੁ ਜੀ ਮਨੁੱਖ ਨੂੰ ਹੁਕਮ ਤੇ ਰਜ਼ਾ ਵਿੱਚ ਰਹਿਣ ਲਈ ਕਹਿੰਦੇ ਹਨ।ਮਨੁੱਖ ਨੂੰ ਮੁਕਤੀ ਰਾਮ ਨਾਮ ਦੇ ਸਿਮਰਨ ਨਾਲ ਮਿਲ ਸਕਦੀ ਹੈ।ਸਰੀਰਕ,ਮਾਨਸਿਕ,ਬੌਧਿਕ ਉਤਰਾ ਚੜ੍ਹਾ ਪਾਰ ਕਰਕੇ ਹੀ ਮੁਕਤੀ ਮਿਲਦੀ ਹੈ।ਇਹ ਮੁਕਤੀ ਪੁਰਸ਼ ਹੀ ਗੁਰੂ ਜੀ ਦੀ ਬਾਣੀ ਦਾ ਉਦੇਸ਼ ਹੈ।

ਪੰਜ ਸਿੱਖਾਂ ਸਮੇਤ ਸਤਿਗੁਰੂ ਜੀ ਨੂੰ ਗ੍ਰਿਫਤਾਰ ਕੀਤਾ ਗਿਆ ਅਤੇ ਦਿੱਲੀ ਲਿਆਂਦਾ ਗਿਆ।ਔਰੰਗਜੇਬ ਦੇ ਭੇਜੇ ਹਾਕਮਾਂ ਨੇ ਗੁਰੁ ਜੀ ਨੂੰ ਕਈ ਲਾਲਚ ਦਿੱਤੇ,ਡਰਾਵੇ ਵੀ ਦਿੱਤੇ।ਗੁਰੂ ਜੀ ਤੇ ਕੋਈ ਅਸਰ ਨਹੀਂ ਹੋਇਆ।ਭਿਆਨਕ ਮੌਤ ਦੇ ਡਰਾਵੇ ਦੇਣ ਲਈ ਹਾਕਮਾਂ ਨੇ ਪਹਿਲਾਂ ਭਾਈ ਮਤੀ ਦਾਸ ਜੀ ਨੂੰ ਜਿਉਂਦਿਆਂ ਹੀ ਆਰੇ ਨਾਲ ਚਿਰਵਾਇਆ,ਫਿਰ ਭਾਈ ਦਿਆਲੇ ਨੂੰ ਉਬਲਦੇ ਪਾਣੀ ਦੀ ਦੇਗ ਵਿੱਚ ਪਾ ਕੇ ਸ਼ਹੀਦ ਕੀਤਾ ਗਿਆ ਭਾਈ ਸਤੀ ਦਾਸ ਜੀ ਨੂੰ ਜਿੰਦਾ ਜਲਾ ਕੇ ਸ਼ਹੀਦ ਕੀਤਾ ਗੁਰੁ ਜੀ ਪ੍ਰਭੂ ਦੇ ਭਾਣੇ ਵਿੱਚ ਅਡੋਲ ਰਹੇ।ਦਿਨ ਵੀਰਵਾਰ 24 ਨਵੰਬਰ 1675(ਕੁਝ ਸਰੋਤਾਂ ਅਨੁਸਾਰ 11 ਨਵੰਬਰ 1675)ਗੁਰੁ ਜੀ ਨੂੰ ਸ਼ਹੀਦ ਕਰ ਦਿੱਤਾ ਗਿਆ।ਇਸ ਥਾਂ ਤੇ ਗੁਰਦੁਆਰਾ ਸੀਸ ਗੰਜ ਬਣਿਆ ਹੈ।ਇਹ ਗੁਰਦੁਆਰਾ ਵੀ ਸ:ਬਘੇਲ ਸਿੰਘ ਕਰੋੜਸਿੰਘੀਏ ਨੇ ਬਣਵਾਇਆ ਸੀ।

ਸੂਰਮਿਆ ਦੀ ਇਹ ਅਦੁੱਤੀ ਸ਼ਹੀਦੀ ਦੇਖ ਕੇ ਲੋਕਾਂ ਦੇ ਦਿਲ ਹਿੱਲ ਗਏ।ਚਾਰੇ ਪਾਸੇ ਹਫੜਾ ਦਫੜੀ ਮੱਚ ਗਈ।ਉਸ ਸਮੇਂ ਭਾਈ ਜੈਤੇ ਨੂੰ ਮੌਕਾ ਮਿਲ ਗਿਆ।ਗੁਰੂ ਜੀ ਦਾ ਸੀਸ ਉਹ ਉੱਥੋਂ ਚੁੱਕ ਕੇ ਆਨੰਦਪੁਰ ਨੂੰ ਚੱਲ ਪਿਆ।ਇਹ ਪੈਂਡਾ ਦੋ ਸੌ ਮੀਲ ਦਾ ਸੀ।ਭਾਈ ਉਦੈ ਨੇ ਲੱਖੀ ਲਬਾਣਾ ਦੀ ਮੱਦਦ ਨਾਲ ਜੋ ਕਲੀ ਚੂਨੇ ਦੇ ਛੇ ਸੱਤ ਸੌ ਬਲਦ ਉਸ ਰਸਤੇ ਤੋਂ ਲੈ ਕੇ ਜਾ ਰਿਹਾ ਸੀ ਉੱਡਦੀ ਧੂੜ ਵਿੱਚ ਗੁਰੁ ਜੀ ਦਾ ਧੜ ਚੁੱਕ ਲਿਆ ਤੇ ਆਪਣੇ ਘਰ ਲਿਜਾ ਕੇ ਘਰ ਨੂੰ ਅੱਗ ਲਗਾ ਦਿੱਤੀ ।ਕਿਸੇ ਨੂੰ ਸ਼ੱਕ ਨਹੀਂ ਹੋਇਆ।ਇੱਥੇ ਗੁਰਦੁਆਰਾ ਰਕਾਬਗੰਜ ਬਣਿਆ ਹੈ।ਗੁਰੁ ਜੀ ਦੇ ਧੜ ਦਾ ਸੰਸਕਾਰ ਕਰਕੇ ਇਹ ਦੋਵੇਂ ਆਨੰਦਪੁਰ ਵੱਲ ਨੂੰ ਚੱਲ ਪਏ।ਕੀਰਤਪੁਰ ਪਹੁੰਚ ਕੇ ਭਾਈ ਜੈਤੇ ਨੂੰ ਮਿਲੇ।ਆਨੰਦਪੁਰ ਗੁਰੁ ਗੋਬਿੰਦ ਸਿੰਘ ਜੀ ਨੇ ਭਾਈ ਜੈਤੇ ਨੂੰ ਗਲ ਨਾਲ ਲਾਇਆ ਤੇ ਬਚਨ ਕੀਤਾ ,ਰੰਘਰੇਟੇ ਗੁਰੂ ਕੇ ਬੇਟੇ।ਗੁਰੁ ਜੀ ਨੇ ਉਨ੍ਹਾਂ ਨੂੰ ਅੰਮ੍ਰਿਤ ਛਕਾਇਆ ਤੇ ਨਾਮ ਭਾਈ ਜੀਉਣ ਸਿੰਘ ਰੱਖਿਆ।

ਗੁਰੁ ਤੇਗ ਬਹਾਦਰ ਸਾਹਿਬ ਦੇ ਸੀਸ ਦਾ ਸੰਸਕਾਰ ਆਨੰਦਪੁਰ ਵਿੱਚ ਕੀਤਾ ਗਿਆ।ਉੱਥੇ ਹੁਣ ਗੁਰਦੁਆਰਾ ਸੀਸਗੰਜ ਹੈ।

ਗੁਰੁ ਤੇਗ ਬਹਾਦਰ ਸਾਹਿਬ ਜੀ ਦਾ ਹਿਰਦਾ ਕੋਮਲ,ਨਿਰਵੈਰ ਸੀ।ਉਨ੍ਹਾਂ ਅਨੁਸਾਰ ਪ੍ਰਭੂ ਦੀ ਯਾਦ ਹੀ ਸਹੀ ਮਨੋਰਥ ਹੈ।

**ਹਵਾਲੇ ਤੇ ਟਿੱਪਣੀਆਂ :-**

1. ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 219
2. ਉਹੀ, ਅੰਗ 631
3. ਉਹੀ, ਅੰਗ 537
4. ਉਹੀ, ਅੰਗ 219
5. ਉਹੀ, ਅੰਗ 1429


© Copyright @ Authors